## ਸੇਵਕ ਸਿੰਘ ਨੂੰ ਛੇ ਦਿਨਾਂ ਲਈ ਜਬਰੀ ਲਾਪਤਾ ਕਰਨ ਦਾ ਮਸਲਾ ਭਾਰਤੀ ਹਾਈ ਕਮਿਸ਼ਨ ਕੋਲ ਉਠਾਇਆ।

ਮੈਲਬੋਰਨ (16 ਸਤੰਬਰ, 2009)

ਪੰਜਾਬ ਪੁਲਸ ਵਲੋਂ ਪੰਜਾਬੀ ਯੁਨੀਵਰਸਟੀ ਦੇ ਪੀ ਐਚ. ਡੀ. ਦੇ ਖੋਜਾਰਥੀ ਸੇਵਕ ਸਿੰਘ ਨੂੰ ਛੇ ਦਿਨ ਤੱਕ 'ਜਬਰੀ ਲਾਪਤਾ' ਕਰਕੇ ਗੈਰਕਾਨੂੰਨੀ ਹਿਰਾਸਤ ਵਿੱਚ ਰਖੱਣ ਦੇ ਰੋਸ ਵਜੋਂ ਸਿੱਖ ਫੈਡਰੇਸ਼ਨ ਆੱਫ ਆਸਟ੍ਰੇਲੀਆ ਦੇ ਆਗੂਆਂ ਦਾ ਇਕ ਵਫਦ ਮੈਲਬੌਰਨ ਵਿਚਲੇ ਭਾਰਤੀ ਸਫਾਰਤਖਾਨੇ ਦੀ ਸਫੀਰ ਸ਼੍ਰੀਮਤੀ ਅਨੀਤਾ ਨਾਇਰ ਨੂੰ ਮਿਲਿਆ। ਫੈਡਰੇਸ਼ਨ ਦੇ ਜਨਰਲ ਸੱਕਤਰ ਭਾਈ ਰਣਜੀਤ ਸਿੰਘ ਸ਼ੇਰਗਿਲ ਤੇ ਸ. ਜਸਪ੍ਰੀਤ ਸਿੰਘ ਦੀ ਅਗਵਾਈ ਵਿੱਚ ਸਿੱਖ ਫੈਡਰੇਸ਼ਨ ਦੇ ਆਗੂਆਂ ਨੇ ਨਿੱਜੀ ਤੌਰ ਉੱਪਰ ਸਫੀਰ ਅਨੀਤਾ ਨਾਇਰ ਨੂੰ ਇੱਕ ਯਾਦਪੱਤਰ ਸੌਂਪਿਆ ਜਿਸ ਵਿੱਚ ਭਾਈ ਸੇਵਕ ਸਿੰਘ ਦੀ ਛੇ ਦਿਨ ਲੰਬੀ ਗੈਰਕਨੂੰਨੀ ਹਿਰਾਸਤ ਦੌਰਾਨ ਭਾਰਤੀ ਸੰਵਿਧਾਨ ਦੀ ਧਾਰਾ 21 ਵਿੱਚ ਦਰਜ਼ 'ਜਿੰਦਗੀ ਅਤੇ ਆਜ਼ਾਦੀ ਦੇ ਮੁਢਲੇ ਹੱਕ' ਅਤੇ ਮਨੁੱਖੀ ਹੱਕਾਂ ਦੇ ਵਿਸ਼ਵ ਵਿਆਪੀ ਐਲਾਣਨਾਮੇ (1948) ਦੀ ਹੋਈ ਉਲੰਘਣਾ ਦਾ ਵੇਰਵਾ ਦਿੱਤਾ ਗਿਆ ਹੈ। ਉਹਨਾ ਦੱਸਿਆ ਕਿ ਇਨ੍ਹਾ ਛੇ ਦਿਨਾਂ ਦੌਰਾਨ ਸੇਵਕ ਸਿੰਘ ਦੀ ਖ਼ੈਰ-ਸੁਖ ਦੀ ਉਸਦੇ ਪਰਿਵਾਰ, ਰਿਸ਼ਤੇਦਾਰਾਂ ਜਾਂ ਸਾਥੀਆਂ ਵਿੱਚੋਂ ਕਿਸੇ ਨੂੰ ਵੀ ਕੋਈ ਖਬਰਸਾਰ ਨਹੀਂ ਦਿੱਤੀ ਗਈ। ਇਸ ਬਾਬਤ ਪੁਛ-ਪੜਤਾਲ ਕਰਨ ਵਾਲਿਆਂ ਨੂੰ ਵੀ ਪੁਲਸ ਖੱਜਲ-ਖੁਆਰ ਹੀ ਕਰਦੀ ਰਹੀ। ਪੰਜਾਬ ਪੁਲਸ ਨੇ ਸੇਵਕ ਸਿੰਘ ਦੇ ਪੀ ਐਚ. ਡੀ. ਦੇ ਖੋਜ-ਕਾਰਜ ਨੂੰ ਜਬਤ ਕਰ ਲਿਆ ਹੈ ਅਤੇ ਉਸਦਾ ਹੋਰ ਨਿੱਜੀ ਤੇ ਅਕਾਦਮਿਕ ਸਮਾਨ ਵੀ ਵਾਪਸ ਨਹੀਂ ਕੀਤਾ ਜਾ ਰਿਹਾ। ਆਗੂਆਂ ਨੇ ਸ਼੍ਰੀਮਤੀ ਅਨੀਤਾ ਨਾਇਰ ਨੂੰ ਬੇਨਤੀ ਕੀਤੀ ਕਿ ਉਹ ਭਾਰਤ ਸਰਕਾਰ ਨਾਲ ਗੱਲ ਕਰੇ ਤਾਂ ਜੋ ਇਸ ਗੱਲ ਨੂੰ ਯਕੀਨੀ ਬਣਇਆ ਜਾ ਸਕੇ ਕਿ ਭੱਵਿਖ ਵਿੱਚ ਅਜਿਹੀ ਕੋਈ ਵੀ ਘਟਨਾ ਨਾਂ ਵਾਪਰੇ ਤੇ ਜਿਸ ਤਰਾਂ ਭਾਰਤ ਸਰਕਾਰ ਅਸਟ੍ਰੇਲੀਆ ਵਿਚਲੇ ਆਪਣੇ ਵਿਦਿਆਰਥੀਆਂ ਲਈ ਫਿਕਰਮੰਦ ਹੈ ਉਸੇ ਤਰਾਂ ਹੀ ਪੰਜਾਬ ਵਿਚਲੇ ਆਪਣੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਵੀ ਯਕੀਨੀ ਬਣਾਵੇ । ਫੈਡਰੇਸ਼ਨ ਆਗੂਆਂ ਦੀ ਗੱਲ ਧਿਆਨ ਨਾਲ ਸੁਣਣ ਤੋਂ ਬਾਦ ਸ਼੍ਰਿਮਤੀ ਨਾਇਰ ਨੇ ਯਕੀਨ ਦੁਆਇਆ ਕਿ ਇਹ ਮਸਲਾ ਛੇਤੀ ਹੀ ਭਾਰਤੀ ਗ੍ਰਿਹ ਮੰਤਰਾਲੇ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।

ਜਾਰੀ ਕਰਤਾ;

ਜਸਪ੍ਰੀਤ ਸਿੰਘ
ਸਕੱਤਰ
ਸਿੱਖ ਫੈਡਰੇਸ਼ਨ ਆੱਫ ਆਸਟ੍ਰੇਲੀਆ

ਅਹਿਮ ਸੰਪਰਕ ਨੰਬਰ:

ਜਸਪ੍ਰੀਤ ਸਿੰਘ 0061-433-165-820 (ਮੋਬਾਇਲ)

ਦਲਜੀਤ ਸਿੰਘ 0061-410-773-500 (ਮੋਬਾਇਲ)

ਭਾਰਤੀ ਸਫਾਰਤਖਾਨਾ (ਮੈਲਬੌਰਨ) 0061-393-840-460 (ਦਫਤਰ)